ਪਾਠ-13

## ਧਰਤੀ (ਲੇਖਕ-ਕੁਲਦੀਪ ਸਿੰਘ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. 'ਮੈਂ ਸੂਰਜ ਤੋਂ ਪੈਦਾ ਹੋਈ' ਇਸ ਸਤਰ ਤੋਂ ਕੀ ਭਾਵ ਹੈ?**

ਉੱਤਰ : ਧਰਤੀ ਸੂਰਜ ਨਾਲ਼ੋਂ ਟੁੱਟਿਆ ਇੱਕ ਹਿੱਸਾ ਹੈ।

**ਪ੍ਰਸ਼ਨ ਅ. ਧਰਤੀ ਉੱਤੇ ਕਿਹੜੀਆਂ-ਕਿਹੜੀਆਂ ਰੁੱਤਾਂ ਆਉਂਦੀਆਂ ਹਨ?**

ਉੱਤਰ : ਗਰਮੀ, ਸਿਆਲ਼, ਬਸੰਤ ਤੇ ਬਰਸਾਤ।

**ਪ੍ਰਸ਼ਨ ੲ. ਪਹਿਲਾਂ ਧਰਤੀ ਕਿਹੋ ਜਿਹੀ ਸੀ?**

ਉੱਤਰ : ਧਰਤੀ ਪਹਿਲਾਂ ਭਖਦੀਆਂ ਗੈਸਾਂ ਦਾ ਗੋਲ਼ਾ ਸੀ।


**ਪ੍ਰਸ਼ਨ ਸ. ਧਰਤੀ ਸੂਰਜ ਦੁਆਲ਼ੇ ਘੁੰਮਣ ਕਾਰਨ ਧਰਤੀ ਉੱਤੇ ਕੀ ਪ੍ਰਭਾਵ ਪੈਂਦਾ ਹੈ?**

ਉੱਤਰ : ਸੂਰਜ ਦੁਆਲੇ ਘੁੰਮਣ ਨਾਲ਼ ਧਰਤੀ ਉੱਤੇ ਰੁੱਤਾਂ ਬਣਦੀਆਂ ਹਨ।

**ਪ੍ਰਸ਼ਨ ਹ. ਧਰਤੀ ਦਾ ਆਕਾਰ ਤੇ ਵਾਤਾਵਰਨ ਕਿਹੋ ਜਿਹਾ ਹੈ?**


ਉੱਤਰ : ਧਰਤੀ ਉੱਤੇ ਇੱਕ ਹਿੱਸਾ ਥਲ ਤੇ ਤਿੰਨ ਹਿੱਸੇ ਪਾਣੀ ਹੈ। ਇਸ ਦੇ ਦੁਆਲ਼ੇ ਹਵਾ ਦਾ ਗਿਲਾਫ਼ ਹੈ, ਜਿਸ ਵਿੱਚ ਬਹੁਤ ਸਾਰੀਆਂ ਗੈਸਾਂ ਹਨ।

### 2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪਸ਼ਟ ਕਰੋ :



**ੳ. ਲਾਟੂ ਵਾਂਗੂੰ ਧੁਰੀ ਦੁਆਲ਼ੇ,**
**ਰਹਾਂ ਘੁੰਮਦੀ ਆਪਣੀ ਚਾਲੇ।**
**ਘੁੰਮਣ ਕਾਰਨ ਦਿਨ ਤੇ ਰਾਤ,**
**ਵਾਰੋ-ਵਾਰੀ ਮਾਰਨ ਝਾਤ।**

**ਵਿਆਖਿਆ –** ਧਰਤੀ ਕਹਿੰਦੀ ਹੈ ਕਿ ਮੈਂ ਲਾਟੂ ਵਾਂਗ ਆਪਣੀ ਧੁਰੀ ਦੁਆਲ਼ੇ ਆਪਣੀ ਬੱਝੀ ਚਾਲ ਵਿੱਚ ਘੁੰਮਦੀ ਰਹਿੰਦੀ ਹਾਂ। ਮੇਰੇ ਘੁੰਮਣ ਨਾਲ਼ ਹੀ ਵਾਰੋ-ਵਾਰੀ ਦਿਨ ਤੇ ਰਾਤ ਬਣਦੇ ਹਨ ।




**ਅ. ਇਹ ਹੈ ਮੇਰੀ ਕਥਾ-ਕਹਾਣੀ,**
**ਸੂਰਜ ਦੀ ਬੇਟੀ-ਰਾਣੀ।**
**ਆਖਣ ਲੋਕੀਂ ਧਰਤੀ-ਮਾਂ,**
**ਮੈਂ ਤਾਂ ਰੈਣ-ਬਸੇਰਾ ਹਾਂ।**

**ਵਿਆਖਿਆ –** ਧਰਤੀ ਕਹਿੰਦੀ ਹੈ ਕਿ ਮੇਰੀ ਸੰਪੂਰਨ ਕਹਾਣੀ ਇਹ ਹੈ ਕਿ ਮੈਂ ਸੂਰਜ ਦੀ ਪਿਆਰੀ ਧੀ ਹਾਂ। ਲੋਕ ਮੈਨੂੰ ਧਰਤੀ ਮਾਂ ਆਖਦੇ ਹਨ, ਪਰ ਮੈਂ ਉਨ੍ਹਾਂ ਦੀ ਥੋੜ੍ਹੇ ਚਿਰ ਲਈ ਰਹਿਣ ਦੀ ਥਾਂ ਹਾਂ ।

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਰੈਣ-ਬਸੇਰਾ | : | ਉਹ ਥਾਂ ਜਿੱਥੇ ਮੁਸਾਫ਼ਰ ਰਾਤ ਕੱਟਦੇ ਹਨ |
| ਅਜਬ | : | ਹੈਰਾਨ ਕਰਨ ਵਾਲ਼ਾ, ਅਨੋਖਾ |
| ਵਾਯੂ | : | ਹਵਾ |
| ਧੁਰੀ | : | ਅਰੰਭ, ਮੁੱਢ |
| ਕਾਇਦਾ | : | ਢੰਗ, ਨੇਮ, ਅਸੂਲ, ਰੀਤ, ਦਸਤੂਰ |

**4. ਵਾਕਾਂ ਵਿੱਚ ਵਰਤੋਂ :**

1. **ਬੇਟੀ (ਧੀ)–** ਧਰਤੀ ਸੂਰਜ ਦੀ ਬੇਟੀ ਹੈ।
2. **ਥਲ (ਜ਼ਮੀਨ)–** ਭਾਰੀ ਮੀਂਹ ਪੈਣ ਨਾਲ਼ ਧਰਤੀ ਉੱਤੇ ਜਲ-ਥਲ ਇੱਕ ਹੋ ਗਏ।
3. **ਰੈਣ-ਬਸੇਰਾ (ਰਾਤ ਰਹਿਣ ਦੀ ਥਾਂ)–** ਸਾਡੇ ਸ਼ਹਿਰ ਵਿੱਚ ਇੱਕ ਰੈਣ-ਬਸੇਰਾ ਹੈ।
4. **ਹੋਂਦ (ਬਣਨਾ)–** ਧਰਤੀ ਉੱਤੇ ਮਨੁੱਖ ਕਰੋੜਾਂ ਸਾਲ ਪਹਿਲਾਂ ਹੋਂਦ ਵਿੱਚ ਆਇਆ।
5. **ਅਜਬ (ਅਜੀਬ)–** ਧਰਤੀ ਦੇ ਸੂਰਜ ਤੋਂ ਵੱਖ ਹੋਣ ਦੀ ਕਹਾਣੀ ਵੀ ਅਜਬ ਹੈ।
6. **ਢੇਰੀ (ਤੋਲੀਆਂ ਜਾਂ ਮਿਣੀਆਂ ਜਾਣ ਵਾਲ਼ੀਆਂ ਵਸਤਾਂ ਦਾ ਇਕੱਠ**)– ਮੈਂ ਥੋੜ੍ਹੀ ਜਿਹੀ ਮਿੱਟੀ ਪੁੱਟ ਕੇ ਢੇਰੀ ਲਾ ਦਿੱਤੀ।
7. **ਸ਼ਕਲ (ਸੂਰਤ)–** ਦੋਹਾਂ ਭਰਾਵਾਂ ਦੀ ਸ਼ਕਲ ਆਪਸ ਵਿੱਚ ਮਿਲ਼ਦੀ ਹੈ।
8. **ਗੈਸ (ਹਵਾ ਦੇ ਅੰਸ਼)–** ਆਕਸੀਜਨ ਇੱਕ ਗੈਸ ਹੈ।
9. **ਆਖ਼ਰਕਾਰ (ਅੰਤ)–** ਸੂਰਜ ਨਾਲ਼ੋਂ ਟੁੱਟੀ ਧਰਤੀ ਆਖ਼ਰਕਾਰ ਠੰਢੀ ਹੋ ਗਈ।
10. **ਲਾਟੂ (ਘੁੰਮਣ ਵਾਲ਼ਾ ਖਿਡਾਉਣਾ)–** ਧਰਤੀ ਲਾਟੂ ਵਾਂਗ ਆਪਣੇ ਧੁਰੇ ਦੁਆਲ਼ੇ ਘੁੰਮਦੀ ਹੈ।
11. **ਵਾਯੂ (ਹਵਾ)–** ਧਰਤੀ ਦੇ ਦੁਆਲ਼ੇ ਵਾਯੂ ਦਾ ਗਿਲਾਫ਼ ਚੜ੍ਹਿਆ ਹੋਇਆ ਹੈ।